Employment Standards Branch
FACTSHEET

ਇਹ ਤੱਥ-ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵਾਂ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੇ ਅਰਥਾਂ ਅਤੇ ਵਰਤੋਂ ਦੇ ਮੰਤਵਾਂ ਲਈ *ਇਮਪਲੌਏਮੈਂਟ ਸਟੈਂਡਰਡਜ਼ ਐਕਟ ਐਂਡ ਰੈਗੂਲੇਸ਼ਨ* ਦੇਖੋ।

July 2016

# ਸ਼ਿਕਾਇਤਾਂ ਦੇ ਹੱਲ

ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਮੁਲਾਜ਼ਮਾਂ ਅਤੇ ਕੰਮ-ਮਾਲਕਾਂ ਨੂੰ ਆਪਣੀਆਂ ਸਮੱਸਿਆਵਾਂ ਸਰਕਾਰ ਦੀ ਸਿੱਧੀ ਦਖਲਅੰਦਾਜ਼ੀ ਤੋਂ ਬਿਨਾਂ ਹੱਲ ਕਰਨ ਲਈ ਉਤਸ਼ਾਹ ਦਿੰਦੀ ਹੈ। ਜੇ ਦੋਨੋਂ ਧਿਰਾਂ ਸਮੱਸਿਆ ਦਾ ਹੱਲ ਆਪ ਨਾ ਕਰ ਸਕਣ ਤਾਂ ਬਰਾਂਚ ਹੱਲ ਲੱਭਣ ਵਿਚ ਮਦਦ ਕਰਨ ਦੀ ਕੋਸ਼ਿਸ਼ ਕਰੇਗੀ, ਜਾਂ ਜੇ ਜ਼ਰੂਰੀ ਹੋਇਆ ਤਾਂ ਆਪਣਾ ਫੈਸਲਾ ਦੇਵੇਗੀ।

## ਅਧਿਕਾਰਾਂ ਅਤੇ ਜ਼ਿੰਮੇਵਾਰੀਆਂ ਨੂੰ ਸਮਝਣਾ

*ਇਮਪਲੌਏਮੈਂਟ ਸਟੈਂਡਰਡਜ਼ ਐਕਟ* ਅਤੇ ਰੈਗੂਲੇਸ਼ਨ ਬ੍ਰਿਟਿਸ਼ ਕੋਲੰਬੀਆ ਵਿਚਲੇ ਬਹੁਤੇ ਮੁਲਾਜ਼ਮਾਂ ਲਈ ਕੰਮ 'ਤੇ ਘੱਟੋ ਘੱਟ ਮਿਆਰ ਨਿਸ਼ਚਤ ਕਰਦਾ ਹੈ। ਕੁਝ ਪੇਸ਼ਾਵਰ ਲੋਕਾਂ ਨੂੰ ਸਾਰੇ ਐਕਟ ਤੋਂ ਜਾਂ ਐਕਟ ਦੇ ਕੁਝ ਹਿੱਸੇ ਤੋਂ ਛੋਟ ਹੈ। ਕੁਝ ਸੈਕਟਰਾਂ ਅਤੇ ਇੰਡਸਟਰੀਆਂ 'ਤੇ ਇਮਪਲੌਏਮੈਂਟ ਸਟੈਂਡਰਡਜ਼ ਦੇ ਖਾਸ ਨਿਯਮ ਲਾਗੂ ਹੁੰਦੇ ਹਨ।

ਰੁਜ਼ਗਾਰ ਦੇ ਮਿਆਰਾਂ ਬਾਰੇ ਜਾਣਕਾਰੀ, ਜਿਸ ਵਿਚ ਐਕਟ ਬਾਰੇ ਇਕ ਗਾਈਡ ਅਤੇ ਵੱਖ ਵੱਖ ਵਿਸ਼ਿਆਂ ਬਾਰੇ ਤੱਥ-ਸ਼ੀਟਾਂ ਵੀ ਸ਼ਾਮਲ ਹਨ, ਕਿਸੇ ਵੀ ਇਮਪਲੌਏਮੈਂਟ ਸਟੈਂਡਰਡਜ਼ ਆਫਿਸ ਤੋਂ ਜਾਂ ਬਰਾਂਚ ਦੇ ਵੈੱਬਸਾਈਟ ਤੋਂ ਮਿਲ ਸਕਦੀ ਹੈ।

ਐਕਟ ਸ਼ਿਕਾਇਤ ਕਰਨ ਲਈ ਛੇ-ਮਹੀਨੇ ਦੇ ਸਮੇਂ ਦੀ ਹੱਦ ਨਿਸ਼ਚਤ ਕਰਦਾ ਹੈ। ਇਹ ਉਸ ਸਮੇਂ ਦੀ ਹੱਦ ਵੀ ਛੇ-ਮਹੀਨੇ ਨਿਸ਼ਚਤ ਕਰਦਾ ਹੈ ਜਿਸ ਦੌਰਾਨ ਬਰਾਂਚ ਇਹ ਦੇਖਣ ਲਈ ਪੜਤਾਲ ਕਰ ਸਕਦੀ ਹੈ ਕਿ ਕੀ ਕੰਮ-ਮਾਲਕ ਨੇ ਕਿਸੇ ਮੁਲਾਜ਼ਮ ਦੇ ਪੈਸੇ ਦੇਣੇ ਹਨ ਜਾਂ ਨਹੀਂ।

## ਸਵੈ-ਮਦਦ ਵਾਲੀ ਕਿੱਟ ਦੀ ਵਰਤੋਂ ਕਰਨਾ

ਤਨਖਾਹਾਂ ਦੀ ਅਦਾਇਗੀ ਜਾਂ ਹੋਰ ਮਾਮਲਿਆਂ ਬਾਰੇ ਝਗੜਿਆਂ ਦਾ ਹੱਲ ਕਰਨ ਲਈ ਮੁਲਾਜ਼ਮ ਜਿਹੜਾ ਪਹਿਲਾ ਕਦਮ ਚੁੱਕਦਾ ਹੈ, ਉਹ ਸਵੈ-ਮਦਦ ਵਾਲੀ ਕਿੱਟ ਦੀ ਵਰਤੋਂ ਨਾਲ ਆਪਣੇ ਕੰਮ-ਮਾਲਕ ਨਾਲ ਸਿੱਧਾ ਸੰਪਰਕ ਕਰਨਾ ਹੈ। ਇਹ ਕਿੱਟ ਸਮੱਸਿਆ ਦਾ ਵਰਣਨ ਕਰਨ ਅਤੇ ਮੁਨਾਸਬ ਹੱਲ ਲੱਭਣ ਵਿਚ ਮੁਲਾਜ਼ਮ ਦੀ ਇਸ ਤਰ੍ਹਾਂ ਮਦਦ ਕਰਦੀ ਹੈ:

- ਇਹ ਫੈਸਲਾ ਕਰਨ ਵਿਚ ਕਿ ਕੀ *ਇਮਪਲੌਏਮੈਂਟ ਸਟੈਂਡਰਡਜ਼ ਐਕਟ* ਉਸ ਦੀ ਹਾਲਤ 'ਤੇ ਲਾਗੂ ਹੁੰਦਾ ਹੈ;
- ਇਹ ਪਤਾ ਲਾਉਣ ਵਿਚ ਕਿ ਕੀ ਕੰਮ-ਮਾਲਕ ਐਕਟ ਦੀ ਉਲੰਘਣਾ ਕਰ ਰਿਹਾ ਹੈ;
- ਇਹ ਹਿਸਾਬ ਲਾਉਣ ਵਿਚ ਕਿ ਕਿੰਨੇ ਪੈਸੇ ਬਕਾਇਆ ਰਹਿੰਦੇ ਹਨ; ਅਤੇ
- ਆਪਣੇ ਕੰਮ-ਮਾਲਕ ਨੂੰ ਰਹਿੰਦੇ ਪੈਸੇ ਦੇਣ ਜਾਂ ਐਕਟ ਅਧੀਨ ਲੋੜੀਂਦੀਆਂ ਤਬਦੀਲੀਆਂ ਕਰਨ ਲਈ ਲਿਖਤੀ ਬੇਨਤੀ ਕਰਨ ਵਿਚ।

ਜੇ ਕੰਮ-ਮਾਲਕ ਮੁਲਾਜ਼ਮ ਦੀ ਬੇਨਤੀ ਨਾਲ ਸਹਿਮਤ ਹੋ ਜਾਂਦਾ ਹੈ ਤਾਂ ਮੁਲਾਜ਼ਮ ਨੂੰ ਸਿੱਧੇ ਪੈਸੇ ਦਿੱਤੇ ਜਾ ਸਕਦੇ ਹਨ। ਇਸ ਸਮੇਂ ਮਸਲੇ ਦਾ ਹੱਲ ਹੋ ਜਾਂਦਾ ਹੈ।

## ਸਵੈ-ਮਦਦ ਵਾਲੀ ਕਿੱਟ ਦੀ ਲੋੜ ਨਹੀਂ ਹੈ

ਕੁਝ ਖਾਸ  ਹਾਲਤਾਂ ਵਿਚ ਮੁਲਾਜ਼ਮ ਤੋਂ ਸਵੈ-ਮਦਦ ਕਰਨ ਵਾਲੀ ਕਿੱਟ ਵਰਤਣ ਦੀ ਮੰਗ ਨਹੀਂ ਕੀਤੀ ਜਾਵੇਗੀ। ਇਸ ਦੀਆਂ ਉਦਾਹਰਣਾਂ ਹਨ:

- ਕੰਮ-ਮਾਲਕ ਦਾ ਕਾਰੋਬਾਰ ਬੰਦ ਹੋ ਗਿਆ ਹੈ;
- ਮਸਲੇ ਵਿਚ 19 ਸਾਲ ਤੋਂ ਘੱਟ ਉਮਰ ਦਾ ਵਿਅਕਤੀ ਸ਼ਾਮਲ ਹੈ;
- ਸ਼ਿਕਾਇਤ ਐਕਟ ਦੀ ਛੁੱਟੀ ਦੀ ਕਿਸੇ ਧਾਰਾ ਨਾਲ ਸੰਬੰਧਿਤ ਹੈ (ਗਰਭਵਤੀ ਹੋਣ ਕਾਰਨ ਮਿਲਣ ਵਾਲੀ ਛੁੱਟੀ, ਬੱਚਾ ਪਾਲਣ ਲਈ ਛੁੱਟੀ, ਸੋਗ ਦੀ ਛੁੱਟੀ, ਹਮਦਰਦੀਪੂਰਣ ਸੰਭਾਲ ਲਈ ਛੁੱਟੀ, ਪਰਿਵਾਰਕ ਜ਼ਿੰਮੇਵਾਰੀ ਲਈ ਛੁੱਟੀ ਜਾਂ ਜਿਊਰੀ ਦੀ ਡਿਊਟੀ);
- ਮੁਲਾਜ਼ਮ ਫਾਰਮ ਵਰਕਰ ਹੈ, ਕੱਪੜਿਆਂ ਜਾਂ ਟੈਕਸਟਾਇਲ ਵਰਕਰ ਹੈ, ਜਾਂ ਘਰੇਲੂ ਮੁਲਾਜ਼ਮ ਹੈ;
- ਮੁਲਾਜ਼ਮ ਨੂੰ ਬੋਲੀ ਦੀ ਕਾਫੀ ਔਖਿਆਈ ਜਾਂ ਸਮਝਣ ਆਉਣ ਦੀਆਂ ਮੁਸ਼ਕਲਾਂ ਹਨ; ਜਾਂ
- ਮੁਲਾਜ਼ਮ ਨੇ ਮਸਲੇ ਦਾ ਹੱਲ ਕਰਨ ਦੀ ਕੋਸ਼ਿਸ਼ ਕਰਨ ਲਈ ਪਹਿਲਾਂ ਹੀ ਮਾਲਕ ਨੂੰ ਚਿੱਠੀ ਭੇਜ ਦਿੱਤੀ ਹੈ।

## ਸ਼ਿਕਾਇਤ ਕਰਨਾ

ਜੇ ਮੁਲਾਜ਼ਮ ਕਿੱਟ ਦੀ ਵਰਤੋਂ ਨਾਲ ਕਿਸੇ ਝਗੜੇ ਦਾ ਹੱਲ ਕਰਨ ਦੇ ਅਯੋਗ ਹੁੰਦਾ ਹੈ, ਜੇ ਮਾਲਕ ਕੋਈ ਜਵਾਬ ਨਾ ਦੇਵੇ, ਜਾਂ ਜੇ ਮੁਲਾਜ਼ਮ ਤੋਂ ਕਿੱਟ ਦੀ ਵਰਤੋਂ ਕਰਨ ਦੀ ਮੰਗ ਨਹੀਂ ਕੀਤੀ ਜਾਂਦੀ ਤਾਂ ਮੁਲਾਜ਼ਮ ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਕੋਲ ਸ਼ਿਕਾਇਤ ਕਰ ਸਕਦਾ ਹੈ।

*ਜਾਰੀ...*

Employment Standards Branch

**For more information:**

**Phone:** 1 833 236-3700
**Website:** www.gov.bc.ca/EmploymentStandards

ਇਮਪਲੌਏਮੈਂਟ ਸਟੈਂਡਰਡਜ਼ ਦੀਆਂ ਸ਼ਿਕਾਇਤਾਂ ਲਿਖਤੀ ਰੂਪ ਵਿਚ ਹੋਣੀਆਂ ਜ਼ਰੂਰੀ ਹਨ ਅਤੇ ਇਹ ਫੈਕਸ ਰਾਹੀਂ, ਡਾਕ ਰਾਹੀਂ, ਆਪ ਆ ਕੇ ਜਾਂ ਇੰਟਰਨੈੱਟ ’ਤੇ ਕੀਤੀਆਂ ਜਾ ਸਕਦੀਆਂ ਹਨ। ਸ਼ਿਕਾਇਤਕਰਤਾ ਨੂੰ ਸ਼ਿਕਾਇਤ ਨਾਲ ਸੰਬੰਧਿਤ ਸਾਰੇ ਸਬੂਤ ਦੇਣੇ ਚਾਹੀਦੇ ਹਨ।

## ਝਗੜੇ ਦਾ ਹੱਲ

ਭਾਵੇਂ ਕਿ ਕੁਝ ਮਸਲੇ ਪੜਤਾਲ ਰਾਹੀਂ ਹੱਲ ਹੋ ਜਾਂਦੇ ਹਨ ਪਰ ਬਹੁਤੇ ਸਿੱਖਿਆ, ਵਿਚੋਲਗੀ ਅਤੇ / ਜਾਂ ਫੈਸਲੇ ਦੀ ਕਾਰਵਾਈ ਰਾਹੀਂ ਹੱਲ ਹੁੰਦੇ ਹਨ।

## ਪੜਤਾਲ

ਜੇ ਮਸਲਾ ਪੜਤਾਲ (ਇਨਵੈਸਟੀਗੇਸ਼ਨ) ਲਈ ਜਾਂਦਾ ਹੈ ਤਾਂ ਪੜਤਾਲ ਕਰਨ ਵਾਲਾ ਅਫਸਰ ਦੋਨਾਂ ਧਿਰਾਂ ਤੋਂ ਜਾਣਕਾਰੀ ਅਤੇ ਸਬੂਤ ਇਕੱਠੇ ਕਰੇਗਾ। ਅਫਸਰ ਹਰ ਧਿਰ ਦੇ ਵਿਚਾਰਾਂ ਅਤੇ ਸਬੂਤਾਂ ਨੂੰ ਦੂਜੀ ਧਿਰ ਨੂੰ ਉਸ ਦਾ ਜਵਾਬ ਮੰਗਣ ਲਈ ਦੇਵੇਗਾ। ਅਫਸਰ ਸ਼ਿਕਾਇਤ ਦਾ ਹੱਲ ਗੈਰਰਸਮੀ ਤਰੀਕੇ ਨਾਲ ਕਰਨ ਦੀ ਕੋਸ਼ਿਸ਼ ਕਰੇਗਾ ਪਰ ਜੇ ਇਹ ਸੰਭਵ ਨਾ ਹੋਵੇ ਤਾਂ ਅਫਸਰ ਆਪਣਾ ਫੈਸਲਾ ਦੇਵੇਗਾ ਜਿਸ ਨੂੰ ਡਿਟਰਮੀਨੇਸ਼ਨ ਆਖਿਆ ਜਾਂਦਾ ਹੈ।

## ਸਿੱਖਿਆ

ਇਮਪਲੌਏਮੈਂਟ ਸਟੈਂਡਰਡਜ਼ ਬਰਾਂਚ ਦਾ ਸਟਾਫ, ਸ਼ਿਕਾਇਤ ਅਤੇ ਦਿੱਤੇ ਗਏ ਸਬੂਤਾਂ ਦੀ ਪੜਤਾਲ ਕਰੇਗਾ। ਹੋਰ ਜਾਣਕਾਰੀ ਲੈਣ ਲਈ ਅਤੇ ਐਕਟ ਦੀਆਂ ਧਾਰਾਵਾਂ ਬਾਰੇ ਵਰਣਨ ਕਰਨ ਲਈ ਬਰਾਂਚ ਦੋਨਾਂ ਧਿਰਾਂ ਨਾਲ ਸੰਪਰਕ ਕਰੇਗੀ। ਜੇ ਕੰਮ-ਮਾਲਕ ਇਸ ਸਮੇਂ ਸ਼ਿਕਾਇਤ ਦਾ ਹੱਲ ਕਰ ਦਿੰਦਾ ਹੈ ਅਤੇ ਰਹਿੰਦੇ ਪੈਸੇ ਦੇ ਦਿੰਦਾ ਹੈ ਤਾਂ ਅਗਾਂਹ ਹੋਰ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ ਅਤੇ ਫਾਇਲ ਬੰਦ ਕਰ ਦਿੱਤੀ ਜਾਵੇਗੀ।

ਜੇ ਸ਼ਿਕਾਇਤ ਦਾ ਹੱਲ ਨਹੀਂ ਹੁੰਦਾ ਤਾਂ ਇਸ ਨੂੰ ਵਿਚੋਲਗੀ (ਮੀਡੀਏਸ਼ਨ) ਲਈ ਭੇਜਿਆ ਜਾਵੇਗਾ। ਦੋਨਾਂ ਧਿਰਾਂ ਨੂੰ ਕੋਈ ਵੀ ਅਜਿਹੀ ਚੀਜ਼ ਦੇਣ ਲਈ ਕਿਹਾ ਜਾਵੇਗਾ ਜਿਹੜੀ ਉਨ੍ਹਾਂ ਦੇ ਵਿਚਾਰ ਮੁਤਾਬਕ ਝਗੜੇ ਦਾ ਹੱਲ ਕਰਨ ਲਈ ਮਦਦ ਕਰਨ ਵਾਲੀ ਹੋ ਸਕਦੀ ਹੈ, ਜਿਵੇਂ ਕਿ ਪੇਅਰੋਲ ਦੀ ਜਾਣਕਾਰੀ, ਕੀਤੇ ਕੰਮ ਦੇ ਘੰਟਿਆਂ ਅਤੇ ਦਿੱਤੀਆਂ ਤਨਖਾਹਾਂ ਦੇ ਰਿਕਾਰਡ, ਅਤੇ ਅਨੁਸਾਸ਼ਨੀ ਕਾਰਵਾਈਆਂ ਸਬੰਧੀ ਕਾਗਜ਼-ਪੱਤਰ।

## ਵਿਚੋਲਗੀ

ਬਰਾਂਚ ਦਾ ਇਕ ਅਫਸਰ ਵਿਚੋਲਗੀ (ਮੀਡੀਏਸ਼ਨ) ਕਰੇਗਾ, ਜੋ ਕਿ ਕੰਮ-ਮਾਲਕ ਅਤੇ ਮੁਲਾਜ਼ਮ ਵਿਚਕਾਰ ਇਕ ਗੈਰਰਸਮੀ ਮੀਟਿੰਗ ਹੁੰਦੀ ਹੈ। ਇਹ ਆਹਮੋ-ਸਾਹਮਣੇ ਜਾਂ ਟੈਲੀਕਾਨਫਰੰਸ ਰਾਹੀਂ ਕੀਤੀ ਜਾਵੇਗੀ (*ਇਮਪਲੌਏਮੈਂਟ ਸਟੈਂਡਰਡਜ਼ ਮੀਡੀਏਸ਼ਨ* ਨਾਂ ਦੀ ਤੱਥ-ਸ਼ੀਟ ਦੇਖੋ)

ਜੇ ਦੋਨੋਂ ਧਿਰਾਂ ਆਪਣਾ ਝਗੜਾ ਹੱਲ ਕਰ ਲੈਂਦੀਆਂ ਹਨ ਤਾਂ ਵਿਚਲੋਗੀ ਕਰ ਰਿਹਾ ਅਫਸਰ "ਸੈਟਲਮੈਂਟ ਐਗਰੀਮੈਂਟ" (ਸਮਝੌਤੇ ਦਾ ਇਕਰਾਰਨਾਮਾ) ਤਿਆਰ ਕਰਨ ਵਿਚ ਉਨ੍ਹਾਂ ਦੀ ਮਦਦ ਕਰੇਗਾ ਜਿਸ ’ਤੇ ਸ਼ਿਕਾਇਤਕਰਤਾ ਅਤੇ ਕੰਮ-ਮਾਲਕ ਦੋਨੋਂ ਦਸਤਖਤ ਕਰਨਗੇ। ਦਸਤਖਤ ਕਰਨ ਤੋਂ ਬਾਅਦ, ਐਗਰੀਮੈਂਟ ਦੀ ਦੋਨੋਂ ਧਿਰਾਂ ਲਈ ਪਾਲਣਾ ਕਰਨਾ ਜ਼ਰੂਰੀ ਹੋ ਜਾਂਦਾ ਹੈ। ਜੇ ਇਸ ਦੀ ਪਾਲਣਾ ਨਾ ਕੀਤੀ ਜਾਵੇ ਤਾਂ ਇਸ ਨੂੰ ਸੁਪਰੀਮ ਕੋਰਟ ਵਿਚ ਦਰਜ ਕਰਵਾਇਆ ਜਾ ਸਕਦਾ ਹੈ ਅਤੇ ਅਦਾਲਤ ਦੇ ਫੈਸਲੇ ਦੇ ਤੌਰ ’ਤੇ ਲਾਗੂ ਕੀਤਾ ਜਾ ਸਕਦਾ ਹੈ।

ਭਾਵੇਂ ਵਿਚੋਲਗੀ ਝਗੜੇ ਦਾ ਹੱਲ ਨਾ ਵੀ ਕਰੇ, ਪਰ ਇਹ ਫਿਰ ਵੀ ਮਸਲੇ ਸਪਸ਼ਟ ਕਰਨ, ਇਕ ਦੂਜੇ ਦੇ ਵਿਚਾਰਾਂ ਨੂੰ ਸਮਝਣ ਅਤੇ ਇਹ ਪਛਾਣ ਕਰਨ ਵਿਚ ਦੋਨਾਂ ਧਿਰਾਂ ਦੀ ਮਦਦ ਕਰ ਸਕਦੀ ਹੈ ਕਿ ਕਿਹੜੇ ਤੱਥ ’ਤੇ ਸਹਿਮਤੀ ਹੋਈ ਹੈ ਅਤੇ ਕਿਹੜੇ ਮਸਲਿਆਂ ਬਾਰੇ ਮਤਭੇਦ ਹਨ।

## ਫੈਸਲੇ ਲਈ ਸੁਣਵਾਈਆਂ

ਜੇ ਸ਼ਿਕਾਇਤ ਦਾ ਹੱਲ ਵਿਚੋਲਗੀ ਰਾਹੀਂ ਨਾ ਹੋ ਸਕੇ ਤਾਂ ਬਰਾਂਚ ਇਕ ਅਫਸਰ ਵਲੋਂ ਕੀਤੀ ਜਾਣ ਵਾਲੀ ਫੈਸਲੇ ਲਈ ਸੁਣਵਾਈ (ਅਡਜੂਡੀਕੇਸ਼ਨ ਹੀਅਰਿੰਗ) ਲਈ ਤਾਰੀਕ ਤਹਿ ਕਰੇਗੀ। ਜੇ ਸੁਣਵਾਈ ਤਹਿ ਕੀਤੀ ਜਾਂਦੀ ਹੈ ਤਾਂ ਦੋਨੋਂ ਧਿਰਾਂ ਨੂੰ ਇਸ ਵਿਚ ਜ਼ਰੂਰੀ ਗਵਾਹਾਂ ਸਮੇਤ ਹਾਜ਼ਰ ਹੋਣਾ ਪਵੇਗਾ। ਸੁਣਵਾਈ ਆਹਮੋ-ਸਾਹਮਣੇ ਜਾਂ ਟੈਲੀਕਾਨਫਰੰਸ ਰਾਹੀਂ ਕੀਤੀ ਜਾ ਸਕਦੀ ਹੈ (*ਅਡਜੂਡੀਕੇਸ਼ਨ ਹੀਅਰਿੰਗਜ਼* ਨਾਂ ਦੀ ਤੱਥ-ਸ਼ੀਟ ਦੇਖੋ)

## ਫੈਸਲੇ

ਜੇ ਮਸਲੇ ਦਾ ਹੱਲ ਪੜਤਾਲ ਦੌਰਾਨ, ਜਾਂ ਵਿਚੋਲਗੀ/ਫੈਸਲੇ ਲਈ ਸੁਣਵਾਈ ਦੇ ਅੰਤ ਤੱਕ ਗੈਰਰਸਮੀ ਤਰੀਕੇ ਨਾਲ ਨਹੀਂ ਹੁੰਦਾ ਤਾਂ ਫੈਸਲੇ ਲਈ ਸੁਣਵਾਈ ਕਰ ਰਿਹਾ ਅਫਸਰ ਇਕ ਲਿਖਤੀ ਫੈਸਲਾ ਦੇਵੇਗਾ ਜਿਸ ਨੂੰ ਡਿਟਰਮੀਨੇਸ਼ਨ ਕਿਹਾ ਜਾਂਦਾ ਹੈ। ਜੇ ਡਿਟਰਮੀਨੇਸ਼ਨ ਵਿਚ ਇਹ ਪਤਾ ਲੱਗਦਾ ਹੈ ਕਿ ਪੈਸੇ ਸ਼ਿਕਾਇਤਕਰਤਾ ਨੂੰ ਦੇਣਯੋਗ ਹਨ ਜਾਂ ਮਾਲਕ ਨੇ ਐਕਟ ਦੀ ਉਲੰਘਣਾ ਕੀਤੀ ਹੈ ਤਾਂ ਇਹ ਮਾਲਕ ਨੂੰ ਹੁਕਮ ਦੇਵੇਗਾ ਕਿ ਉਹ ਰਹਿੰਦੇ ਪੈਸੇ ਦੇਵੇ, ਐਕਟ ਦੀ ਉਲੰਘਣਾ ਕਰਨਾ ਬੰਦ ਕਰੇ ਅਤੇ ਇਸ ਵਿਚ ਇਕ ਜਾਂ ਜ਼ਿਆਦਾ ਜੁਰਮਾਨੇ ਵੀ ਦੇਵੇ।

ਜੇ ਆਰਡਰ ਮੁਤਾਬਕ ਕੰਮ-ਮਾਲਕ ਭੁਗਤਾਨ ਨਹੀਂ ਕਰਦਾ ਤਾਂ ਡਿਟਰਮੀਨੇਸ਼ਨ ਨੂੰ ਸੁਪਰੀਮ ਕੋਰਟ ਵਿਚ ਦਰਜ ਕਰਵਾਇਆ ਅਤੇ ਅਦਾਲਤ ਦੇ ਫੈਸਲੇ ਵਾਂਗ ਲਾਗੂ ਕਰਵਾਇਆ ਜਾ ਸਕਦਾ ਹੈ। ਇਸ ਵਿਚ ਉਗਰਾਹੀ ਲਈ ਫੈਸਲੇ ਨੂੰ ਕੋਰਟ ਬੇਲਿਫ (ਅਦਾਲਤੀ ਕੁਰਕੀ) ਲਈ ਭੇਜਣਾ ਵੀ ਸ਼ਾਮਲ ਹੋ ਸਕਦਾ ਹੈ।

## ਅਪੀਲਾਂ

ਡਿਟਰਮੀਨੇਸ਼ਨ (ਫੈਸਲੇ) ਵਿਰੁੱਧ ਇਮਪਲੌਏਮੈਂਟ ਸਟੈਂਡਰਡਜ਼ ਟ੍ਰਿਬਿਊਨਲ ਕੋਲ ਅਪੀਲ ਕੀਤੀ ਜਾ ਸਕਦੀ ਹੈ। ਅਪੀਲਾਂ ਬਾਰੇ ਜ਼ਿਆਦਾ ਜਾਣਕਾਰੀ ਟ੍ਰਿਬਿਊਨਲ ਦੇ ਵੈੱਬਸਾਈਟ www.bcest.bc.ca ਤੋਂ ਮਿਲ ਸਕਦੀ ਹੈ।